# Situation in Eastern Ladakh

September 08, 2020

.........................................................................................................................

## ਪੂਰਬੀ ਲੱਦਾਖ ਦੇ ਹਾਲਾਤ

8 ਸਤੰਬਰ, 2020

ਭਾਰਤ ਅਸਲ ਕੰਟਰੋਲ ਰੇਖਾ ਉੱਤੇ ਹਾਲਾਤ ਦੀ ਡਿਸਇੰਗੇਜਮੈਂਟ ਅਤੇ ਡੀ -ਐਸਕੇਲੇਸ਼ਨ ਕਰਨ ਪ੍ਰਤੀ ਵਚਨਬੱਧ ਹੈ, ਜਦੋਂ ਕਿ ਚੀਨ ਲਗਾਤਾਰ ਭੜਕਾਊ ਗਤੀਵਿਧੀਆਂ ਰਾਹੀਂ ਹਾਲਾਤ ਨੂੰ ਹੋਰ ਵਿਗਾੜਨ ਦੀਆਂ ਕੋਸ਼ਿਸ਼ਾਂ ਕਰ ਰਿਹਾ ਹੈ।

ਭਾਰਤੀ ਫੌਜ ਨੇ ਕਦੇ ਵੀ ਅਸਲ ਕੰਟਰੋਲ ਰੇਖਾ ਪਾਰ ਨਹੀਂ ਕੀਤੀ ਅਤੇ ਨਾ ਹੀ ਫਾਇਰਿੰਗ ਸਮੇਤ ਕਿਸੇ ਵੀ ਹਮਲਾਵਰ ਤਰੀਕਿਆਂ ਦੀ ਵਰਤੋਂ ਕੀਤੀ ਹੈ।

ਫੌਜੀ, ਕੂਟਨੀਤਿਕ ਅਤੇ ਸਿਆਸੀ ਪੱਧਰ 'ਤੇ ਗੱਲਬਾਤ ਜਾਰੀ ਰਹਿਣ ਦੇ ਬਾਵਜੂਦ ਪੀਪਲਜ਼ ਲਿਬਰੇਸ਼ਨ ਆਰਮੀ ਆਫ ਚਾਈਨਾ ਹੀ ਸਮਝੌਤਿਆਂ ਦੀ ਪੂਰੀ ਤਰ੍ਹਾਂ ਉਲੰਘਣਾ ਕਰ ਰਿਹਾ ਹੈ ਅਤੇ ਹਮਲਾਵਰ ਚਾਲਾਂ ਖੇਡ ਰਿਹਾ ਹੈ। 7 ਸਤੰਬਰ, 2020 ਨੂੰ ਹੋਈ ਹੱਥਲੀ ਘਟਨਾ ਵਿੱਚ ਪੀਪਲਜ਼ ਲਿਬਰੇਸ਼ਨ ਆਰਮੀ ਆਫ ਚਾਈਨਾ ਦੇ ਫੌਜੀ ਹੀ ਅਸਲ ਕੰਟਰੋਲ ਰੇਖਾ ਉੱਤੇ ਸਾਡੀ ਇੱਕ ਫਾਰਵਰਡ ਪੋਜ਼ੀਸ਼ਨ ਨੂੰ ਘੇਰਨ ਦੀ ਕੋਸ਼ਿਸ਼ ਕਰ ਰਹੇ ਸਨ ਅਤੇ ਸਾਡੇ ਫੌਜੀਆਂ ਵੱਲੋਂ ਰੋਕੇ ਜਾਣ 'ਤੇ ਪੀਪਲਜ਼ ਲਿਬਰੇਸ਼ਨ ਆਰਮੀ ਆਫ ਚਾਈਨਾ ਦੇ ਫੌਜੀਆਂ ਨੇ ਉਨ੍ਹਾਂ ਨੂੰ ਡਰਾਉਣ ਲਈ ਹਵਾ 'ਚ ਕੁਝ ਗੋਲੀਆਂ ਚਲਾਈਆਂ। ਪਰੰਤੂ  ਇਨ੍ਹਾਂ ਭੜਕਾਏ ਜਾਣ ਦੇ ਬਾਵਜੂਦ ਵੀ ਸਾਡੇ ਫੌਜੀਆਂ ਨੇ ਬਹੁਤ ਜ਼ਾਬਤਾ ਰੱਖਿਆ ਅਤੇ ਪਰਪੱਕ ਅਤੇ ਜ਼ਿੰਮੇਦਾਰ ਤਰੀਕੇ ਨਾਲ ਵਿਵਹਾਰ ਕੀਤਾ।

ਭਾਰਤੀ ਫੌਜ ਅਮਨ ਅਤੇ ਸ਼ਾਂਤੀ ਨੂੰ ਕਾਇਮ ਰੱਖਣ ਪ੍ਰਤੀ ਵਚਨਬੱਧ ਹੈ, ਪਰੰਤੂ ਇਹ ਕੌਮੀ ਅਖੰਡਤਾ ਅਤੇ ਪ੍ਰਭੂਸੱਤਾ ਨੂੰ ਹਰ ਕੀਮਤ 'ਤੇ ਬਚਾਉਣ ਲਈ ਵੀ ਦ੍ਰਿੜ ਸੰਕਲਪ ਹੈ। ਪੱਛਮੀ ਥੀਏਟਰ ਕਮਾਂਡ ਦਾ ਬਿਆਨ ਉਨ੍ਹਾਂ ਵੱਲੋਂ ਆਪਣੇ ਘਰੇਲੂ ਅਤੇ ਅੰਤਰਰਾਸ਼ਟਰੀ ਆਡਿਐਂਸ ਨੂੰ ਗੁੰਮਰਾਹ ਕਰਨ ਦਾ ਯਤਨ ਹੈ.

ਨਵੀਂ ਦਿਲੀ
8 ਸਤੰਬਰ, 2020

DISCLAIMER: This is an approximate translation. The original is available in English on MEA's website and may be referred to as the official press release.